NSW GOVERNMENT

# ਐਸਬੈਸਟਸ ਬਾਰੇ ਦੋ ਵਾਰ ਸੋਚੋ



## ਐਸਬੈਸਟਸ ਕੀ ਹੈ?

ਐਸਬੈਸਟਸ ਇੱਕ ਕੁਦਰਤੀ ਤੌਰ 'ਤੇ ਮੌਜੂਦ ਖਣਿਜ ਹੈ ਜੋ ਕਿ 2003 ਵਿੱਚ ਪਾਬੰਦੀ ਲੱਗਣ ਤੋਂ ਪਹਿਲਾਂ ਆਸਟ੍ਰੇਲੀਆ ਵਿੱਚ ਬਹੁਤ ਸਾਰੇ ਪ੍ਰਸਿੱਧ ਬਿਲਡਿੰਗ ਉਤਪਾਦਾਂ ਵਿੱਚ ਵਰਤਿਆ ਗਿਆ ਸੀ।

1990 ਤੋਂ ਪਹਿਲਾਂ ਬਣੇ ਘਰ ਵਿੱਚ ਐਸਬੈਸਟਸ-ਯੁਕਤ ਸਮੱਗਰੀਆਂ ਅਜੇ ਵੀ ਆਮ ਹਨ

## ਐਸਬੈਸਟਸ ਇੱਕ ਸਮੱਸਿਆ ਕਿਉਂ ਹੈ?

ਜਦੋਂ ਐਸਬੈਸਟਸ ਸਮੱਗਰੀ ਨੂੰ ਨੁਕਸਾਨ ਪਹੁੰਚਦਾ ਹੈ, ਖ਼ਰਾਬ ਹੋ ਜਾਂਦੀ ਹੈ ਜਾਂ ਛੇੜ-ਛਾੜ ਕੀਤੀ ਜਾਂਦੀ ਹੈ (ਜਿਵੇਂ ਕਿ ਇਸ ਨੂੰ ਤੋੜਕੇ, ਕੱਟਕੇ, ਡ੍ਰਿਲਿੰਗ ਕਰਕੇ, ਰੇਤ ਕੇ ਜਾਂ ਸਾੜ ਕੇ), ਉਹ ਹਵਾ ਵਿੱਚ ਰੇਸ਼ੇ ਛੱਡਦੇ ਹਨ ਜੋ ਸਰੀਰ ਵਿੱਚ ਦਾਖ਼ਲ ਹੋ ਸਕਦੇ ਹਨ ਅਤੇ ਜਾਨਲੇਵਾ ਬੀਮਾਰੀ ਦਾ ਕਾਰਨ ਬਣ ਸਕਦੇ ਹਨ। ਕੈਂਸਰ ਵਰਗੀਆਂ ਇਹ ਬਿਮਾਰੀਆਂ ਵਿਕਸਿਤ ਹੋਣ ਵਿੱਚ ਲੰਮਾ ਸਮਾਂ ਲੈ ਸਕਦੀਆਂ ਹਨ।

## ਮੈਨੂੰ ਕਿਵੇਂ ਪਤਾ ਲੱਗੇਗਾ ਕਿ ਕੀ ਕਿਸੇ ਸਮੱਗਰੀ ਵਿੱਚ ਐਸਬੈਸਟਸ ਹੈ?

ਤੁਸੀਂ ਕਿਸੇ ਸਮੱਗਰੀ ਨੂੰ ਕੇਵਲ ਦੇਖਕੇ ਇਹ ਨਹੀਂ ਦੱਸ ਸਕਦੇ ਕਿ ਕੀ ਉਸ ਵਿੱਚ ਐਸਬੈਸਟਸ ਹੈ ਜਾਂ ਨਹੀਂ । ਸਿਰਫ਼ ਸਮੱਗਰੀ ਦੇ ਨਮੂਨੇ ਦੀ ਵਿਗਿਆਨਕ ਜਾਂਚ ਹੀ ਇਸ ਦੀ ਪੁਸ਼ਟੀ ਕਰ ਸਕਦੀ ਹੈ। ਜੇ ਤੁਸੀਂ ਸੋਚਦੇ ਹੋ ਕਿ ਸਮੱਗਰੀ ਵਿੱਚ ਐਸਬੈਸਟਸ ਹੋ ਸਕਦਾ ਹੈ; ਸੁਰੱਖਿਅਤ ਰਹੋ ਅਤੇ ਇਸ ਨਾਲ ਇਸ ਤਰ੍ਹਾਂ ਦਾ ਵਿਹਾਰ ਕਰੋ ਕਿ ਇਸ ਵਿੱਚ ਐਸਬੈਸਟਸ ਹੈ ਜਦੋਂ ਤੱਕ ਤੁਸੀਂ ਕਿਸੇ ਪੇਸ਼ੇਵਰ ਦੁਆਰਾ ਇਸਦੀ ਪੁਸ਼ਟੀ ਨਹੀਂ ਕਰ ਲੈਂਦੇ ਹੋ।

## ਮੈਂ ਐਸਬੈਸਟਸ ਯੁਕਤ ਸਮੱਗਰੀ ਦੇ ਆਸ-ਪਾਸ ਸੁਰੱਖਿਅਤ ਕਿਵੇਂ ਰਹਿ ਸਕਦਾ ਹਾਂ?

1. ਪਤਾ ਕਰੋ ਕਿ ਕੀ ਸੰਪਤੀ 1990 ਤੋਂ ਪਹਿਲਾਂ ਬਣਾਈ ਗਈ ਸੀ। ਉਸ ਸਮੇਂ ਹਜ਼ਾਰਾਂ ਬਿਲਡਿੰਗ ਸਮੱਗਰੀਆਂ ਵਿੱਚ ਐਸਬੈਸਟਸ ਦੀ ਵਰਤੋਂ ਕੀਤੀ ਜਾਂਦੀ ਸੀ।
2. ਐਸਬੈਸਟਸ ਸਮੱਗਰੀ ਨੂੰ ਨੁਕਸਾਨ ਨਾ ਪੁਹੰਚਾਓ ਜਾਂ ਪਛੇੜ-ਛਾੜ ਨਾ ਕਰੋ। ਇਹ ਖਤਰਨਾਕ ਐਸਬੈਸਟਸ ਫਾਈਬਰ ਹਵਾ ਵਿੱਚ ਛੱਡ ਸਕਦਾ ਹੈ।
3. ਦਸੰਬਰ 2003 ਤੋਂ ਪਹਿਲਾਂ ਬਣੀਆਂ ਵਪਾਰਕ ਇਮਾਰਤਾਂ 'ਤੇ ਕੰਮ ਕਰਦੇ ਸਮੇਂ, ਕੋਈ ਵੀ ਕੰਮ ਕਰਨ ਤੋਂ ਪਹਿਲਾਂ ਐਸਬੈਸਟਸ ਰਜਿਸਟਰ ਅਤੇ ਐਸਬੈਸਟਸ ਪ੍ਰਬੰਧਨ ਯੋਜਨਾ ਨੂੰ ਦਿਖਾਉਣ ਲਈ ਕਹੋ।
4. ਕਦੇ ਵੀ ਉੱਚ ਦਬਾਅ ਵਾਲੇ ਪਾਣੀ, ਕੰਪਰੈੱਸਡ ਹਵਾ ਜਾਂ ਐਸਬੈਸਟਸ 'ਤੇ ਟਰਿੱਗਰ ਅਟੈਚਮੈਂਟ ਵਾਲੀ ਗਾਰਡਨ ਹੋਜ਼ ਦੀ ਵਰਤੋਂ ਨਾ ਕਰੋ ਜਿਸ ਵਿੱਚ ਛੱਤਾਂ, ਗਟਰਾਂ, ਡਾਊਨ ਪਾਈਪਾਂ, ਈਵਜ਼, ਵਾੜਾਂ ਅਤੇ ਕੰਧਾਂ ਵਰਗੇ ਉਤਪਾਦ ਸ਼ਾਮਲ ਹਨ।
5. ਇਹ ਕਿੱਥੇ ਸਥਿਤ ਹੈ, ਅਤੇ ਇਸਨੂੰ ਕਿਵੇਂ ਪ੍ਰਬੰਧਿਤ ਕਰਨਾ ਜਾਂ ਹਟਾਉਣਾ ਹੈ, ਇਸ ਬਾਰੇ ਸਲਾਹ ਲਈ ਲਾਇਸੰਸਸ਼ੁਦਾ ਐਸਬੈਸਟਸ ਪੇਸ਼ੇਵਰ ਨਾਲ ਸੰਪਰਕ ਕਰੋ।

**ਵਧੇਰੇ ਜਾਣਕਾਰੀ ਲਈ, SafeWork ਨੂੰ 13 10 50 'ਤੇ ਫ਼ਨ ਕਰ**

SWRK_00053_10/11/21_Pun

## ਇਹ ਘਰ ਵਿੱਚ ਕਿੱਥੇ ਮਿਲ ਸਕਦਾ ਹੈ?




### A. ਬਾਹਰੀ ਥਾਵਾਂ

ਛੱਤ ਦੀ ਚਾਦਰ, ਗਟਰ, ਡਾਊਨ ਪਾਈਪ, ਰਿਜ ਕੈਪਿੰਗ, ਇੱਟ ਦੀ ਨਕਲ ਵਾਲੀ ਕਲੈਡਿੰਗ ਅਤੇ ਈਵਜ਼ ਦੇ ਹੇਠਾਂ ਲਾਈਨਿੰਗ।

### B. ਬਾਥਰੂਮ, ਟਾਇਲਟ ਅਤੇ ਲਾਂਡਰੀ

ਕੰਧ ਅਤੇ ਛੱਤ ਵਾਲੇ ਪੈਨਲ, ਵਿਨਾਇਲ ਫਲੋਰ ਟਾਈਲਾਂ ਅਤੇ ਕੰਧ ਦੀਆਂ ਟਾਈਲਾਂ ਲਗਾਉਣ ਲਈ ਪਿੱਛੇ ਬਣਾਏ ਸਹਾਰੇ ਵਿੱਚ ।

### C. ਰਸੋਈ

ਕੰਧ ਅਤੇ ਛੱਤ ਦੇ ਪੈਨਲ, ਸਪਲੈਸ਼ਬੈਕ ਲਗਾਉਣ ਲਈ ਪਿੱਛੇ ਬਣਾਏ ਸਹਾਰੇ ਵਿੱਚ, ਵਿਨਾਇਲ ਫਲੋਰ ਟਾਈਲਾਂ, ਵਿਨਾਇਲ ਫਲੋਰਿੰਗ ਦਾ ਦੇ ਥੱਲੇ ਅਤੇ ਸਟੋਵ ਵਿਚਲੇ ਇਨਸੂਲੇਸ਼ਨ ਵਿੱਚ।

### D. ਲਿਵਿੰਗ ਏਰੀਆ

ਕੰਧ ਅਤੇ ਛੱਤ ਦੇ ਪੈਨਲ, ਕਾਰਪੇਟ ਅੰਡਰਲੇਅ ਅਤੇ ਘਰੇਲੂ ਹੀਟਰਾਂ ਵਿਚਲੇ ਇਨਸੂਲੇਸ਼ਨ ਵਿੱਚ।

### E. ਬੈਕਯਾਰਡ

ਵਾੜ, ਗਾਰਡਨ ਸ਼ੈੱਡ, ਗੈਰਾਜ, ਕਾਰਪੋਰਟ, ਬਾਹਰੀ ਪਖਾਨੇ, ਕੁੱਤੇ ਦੇ ਕੇਨਲ, ਦੱਬੇ ਅਤੇ ਡੰਪ ਕੀਤੇ ਕੂੜਾ ਪਦਾਰਥਾਂ ਵਿੱਚ।

### F. ਹੋਰ ਹਿੱਸਿਆਂ ਵਿੱਚ

ਬਿਜਲੀ ਸਵਿੱਚਬੋਰਡਾਂ ਦੇ ਪਿਛਲੇ ਪਾਸੇ, ਛੱਤ ਦੀਆਂ ਖੱਡਾਂ ਵਿਚਲੇ ਇਨਸੂਲੇਸ਼ਨ, ਗਰਮ ਪਾਣੀ ਦੀ ਪਾਈਪ ਦੇ ਇਨਸੂਲੇਸ਼ਨ, ਟੈਕਸਟਚਰ ਪੇਂਟ ਅਤੇ ਪਲਾਸਟਰ ਪੈਚਿੰਗ ਮਿਸ਼ਰਣ ਵਿੱਚ।

## ਐਸਬੈਸਟਸ ਜਾਗਰੂਕਤਾ ਸਿਖਲਾਈ

ਤੁਹਾਨੂੰ ਆਪਣੇ ਹਰੇਕ ਕਰਮਚਾਰੀ ਨੂੰ ਐਸਬੈਸਟਸ ਜਾਗਰੂਕਤਾ ਸਿਖਲਾਈ ਪ੍ਰਦਾਨ ਕਰਨ ਦੀ ਜ਼ਰੂਰਤ ਹੈ ਜੋ ਕੰਮ ਕਰਦੇ ਸਮੇਂ ਐਸਬੈਸਟਸ ਦੇ ਸੰਪਰਕ ਵਿੱਚ ਆ ਸਕਦੇ ਹਨ। ਇਸ ਵਿੱਚ ਸ਼ਾਮਲ ਹਨ:

- ਛੱਤਾਂ ਬਣਾਉਣ ਵਾਲੇ (ਰੂਫ਼ਰ)
- ਇਲੈਕਟ੍ਰੀਸ਼ੀਅਨ; ਪਲੰਬਰ;
- ਤਰਖਾਣ
- ਚਿੱਤਰਕਾਰ ਅਤੇ ਸਜਾਵਟ ਕਰਨ ਵਾਲੇ
- ਇਮਾਰਤਾਂ ਢਾਹੁਣ ਵਾਲੇ ਕਰਮਚਾਰੀ
- ਐਮਰਜੈਂਸੀ ਸੇਵਾਵਾਂ ਕਰਮਚਾਰੀ
- ਬਿਲਡਿੰਗ ਅਤੇ ਉਸਾਰੀ ਕਾਮੇ ਅਤੇ
- ਬਾਥਰੂਮ ਅਤੇ ਰਸੋਈ ਦੇ ਨਵੀਨੀਕਰਨ ਕਰਨ ਵਾਲੇ

## ਕੰਮ 'ਤੇ ਸੁਰੱਖਿਅਤ ਰਹਿਣਾ

ਭੁਰਭਰਾ ਐਸਬੈਸਟਸ ਪਾਊਡਰ ਦੇ ਰੂਪ ਵਿੱਚ ਐਸਬੈਸਟਸ ਹੁੰਦਾ ਹੈ, ਜਾਂ ਉਹ ਐਸਬੈਸਟਸ ਜਿਸ ਨੂੰ ਸੁੱਕਣ 'ਤੇ ਹੱਥਾਂ ਦੇ ਦਬਾਅ ਨਾਲ ਚੂਰ-ਚੂਰ ਕੀਤਾ ਜਾ ਸਕਦਾ ਹੈ, ਬਾਰੀਕ ਕੀਤਾ ਜਾ ਸਕਦਾ ਹੈ ਜਾਂ ਪਾਊਡਰ ਬਣਾਇਆ ਜਾ ਸਕਦਾ ਹੈ। ਕਿਸੇ ਵੀ ਮਾਤਰਾ ਵਿੱਚ ਮੌਜੂਦ ਭੁਰਭੁਰੇ ਐਸਬੈਸਟਸ ਨੂੰ ਸੁਰੱਖਿਅਤ ਢੰਗ ਨਾਲ ਹਟਾਉਣ ਲਈ ਤੁਹਾਨੂੰ ਕਿਸੇ ਕਲਾਸ A ਐਸਬੈਸਟਸ ਪੇਸ਼ੇਵਰ ਨੂੰ ਨਿਯੁਕਤ ਕਰਨ ਦੀ ਲੋੜ ਹੈ।

ਐਸਬੈਸਟਸ ਫਾਈਬਰ ਵਾਲੀ ਕੋਈ ਵੀ ਸਮੱਗਰੀ ਨਾ-ਭੁਰਨ ਯੋਗ (ਨਾਨ-ਫ੍ਰਾਈਏਬਲ) ਐਸਬੈਸਟਸ ਹੈ ਜਿਸ ਨੂੰ ਬੰਧਨ ਮਿਸ਼ਰਣ ਨਾਲ ਮਜ਼ਬੂਤ ਕੀਤਾ ਜਾਂਦਾ ਹੈ, ਜਿਵੇਂ ਕਿ ਐਸਬੈਸਟਸ ਸੀਮਿੰਟ ਸ਼ੀਟਿੰਗ। ਤੁਸੀਂ ਕਾਨੂੰਨੀ ਤੌਰ 'ਤੇ ਬਿਨਾਂ ਲਾਇਸੈਂਸ ਦੇ 10 ਵਰਗ ਮੀਟਰ ਤੱਕ ਨਾ-ਭੁਰਨ ਯੋਗ (ਨਾਨ-ਫ੍ਰਾਈਏਬਲ) ਐਸਬੈਸਟਸ ਨੂੰ ਹਟਾ ਸਕਦੇ ਹੋ, ਹਾਲਾਂਕਿ SafeWork NSW ਤੁਹਾਨੂੰ ਕਿਸੇ ਵੀ ਮਾਤਰਾ ਵਿੱਚ ਐਸਬੈਸਟਸ ਨੂੰ ਸੁਰੱਖਿਅਤ ਢੰਗ ਨਾਲ ਹਟਾਉਣ ਲਈ ਲਾਇਸੰਸਸ਼ੁਦਾ ਐਸਬੈਸਟਸ ਪੇਸ਼ੇਵਰ ਨੂੰ ਨਿਯੁਕਤ ਕਰਨ ਦੀ ਸਿਫ਼ਾਰਸ਼ ਕਰਦਾ ਹੈ।

ਇਹ ਯਕੀਨੀ ਬਣਾਓ ਕਿ ਤੁਸੀਂ ਫਿੱਟ ਟੈਸਟ ਕੀਤੇ ਮਾਸਕ ਸਮੇਤ ਪੂਰੇ ਨਿੱਜੀ ਸੁਰੱਖਿਆ ਉਪਕਰਣ (PPE) ਪਹਿਨੇ ਹੋਏ ਹੋ, ਅਤੇ ਇਹ ਵੀ ਕਿ ਤੁਸੀਂ ਪ੍ਰਭਾਵਸ਼ਾਲੀ ਸੀਲ ਲਈ ਕਲੀਨ ਸ਼ੇਵ ਹੋ। ਜੇ ਤੁਹਾਡੇ ਚਿਹਰੇ 'ਤੇ ਵਾਲ ਹਨ ਤਾਂ ਤੁਹਾਨੂੰ ਸੀਲ ਯਕੀਨੀ ਬਣਾਉਣ ਲਈ ਇੱਕ ਢਿੱਲੀ-ਫਿਟਿੰਗ, ਪਾਵਰ ਵਾਲਾ ਹਵਾ ਸ਼ੁੱਧ ਕਰਨ ਵਾਲਾ ਰੈਸਪੀਰੇਟਰ ਪਹਿਨਣਾ ਚਾਹੀਦਾ ਹੈ ਜੋ ਐਸਬੈਸਟਸ ਫਾਈਬਰਾਂ ਨੂੰ ਸਾਹ ਰਾਹੀਂ ਅੰਦਰ ਜਾਣ ਤੋਂ ਰੋਕਦਾ ਹੈ।

ਜੇ ਤੁਸੀਂ ਆਪਣੇ-ਆਪ ਕੰਮ ਕਰਨ (ਉਦਾਹਰਨ ਲਈ ਡ੍ਰਿਲ ਕਰਨਾ) ਜਾਂ 10 ਵਰਗ ਮੀਟਰ ਤੋਂ ਘੱਟ ਨਾ-ਭੁਰਨ ਯੋਗ (ਨਾਨ-ਫ੍ਰਾਈਏਬਲ) ਐਸਬੈਸਟਸ ਨੂੰ ਹਟਾਉਣ ਦੀ ਚੋਣ ਕਰਦੇ ਹੋ, ਤਾਂ Code of Practice (ਅਭਿਆਸ ਜ਼ਾਬਤਾ) ਵਿੱਚ ਦੱਸੇ ਗਏ ਕਦਮਾਂ ਦੀ ਪਾਲਣਾ ਕਰੋ - ਐਸਬੈਸਟਸ ਨੂੰ ਸੁਰੱਖਿਅਤ ਢੰਗ ਨਾਲ ਕਿਵੇਂ ਹਟਾਓ। ਤੁਸੀਂ ਵੀਡੀਓ ਸਰੋਤਾਂ ਦੇ ਅਧੀਨ SafeWork NSW ਵੈੱਬਸਾਈਟ ਦੇ ਐਸਬੈਸਟਸ ਸੈਕਸ਼ਨ ਵਿੱਚ ਉਪਲਬਧ ਸਾਡੇ ਟਰੇਡੀ ਵੀਡੀਓਜ਼ ਨੂੰ ਵੀ ਦੇਖ ਸਕਦੇ ਹੋ (ਯੂਟਿਊਬ ਵੀਡੀਓ ਦੇ ਹੇਠਾਂ ਸੱਜੇ ਪਾਸੇ ਸੈਟਿੰਗਾਂ ਚਿੰਨ੍ਹ 'ਤੇ ਕਲਿੱਕ ਕਰਕੇ ਸੁਰਖੀਆਂ ਨੂੰ ਤੁਹਾਡੀ ਭਾਸ਼ਾ ਵਿੱਚ ਬਦਲਿਆ ਜਾ ਸਕਦਾ ਹੈ)।